ਵੱਲ,

ਪ੍ਰਿੰਸੀਪਲ,
Akal Academy Dialpura Mirza,
Bathinda.

ਨੰ: 543 ਮਿਤੀ: 24/04/2024

ਵਿਸ਼ਾ: **ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਅੰਕਿਤ ਸਕੂਲ ਦੀ ਇਮਾਰਤ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2024-25 ਲੈਣ ਲਈ ਆਪ ਵੱਲੋਂ ਇਸ ਦਫਤਰ ਵਿਖੇ ਪ੍ਰਾਪਤ ਹੋਇਆ ਹੈ। ਆਪਦੇ ਸਕੂਲ ਦੀ ਬਿਲਡਿੰਗ ਦੀ ਉਪ ਮੰਡਲ ਇੰਜੀਨੀਅਰ ਦੇ ਦਫਤਰ ਵੱਲੋਂ ਵਿਜ਼ੂਅਲੀ ਇੰਸਪੈਕਸ਼ਨ ਕੀਤੀ ਗਈ ਅਤੇ ਉਨ੍ਹਾਂ ਦੀ ਰਿਪੋਰਟ/ਸਿਫਾਰਿਸ਼ ਅਨੁਸਾਰ ਨਿਮਨਲਿਖਤ ਨਿਰੀਖਣਾਂ ਅਤੇ ਸ਼ਰਤਾਂ ਅਧੀਨ ਸਾਲ 2024-25 ਦਾ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ: 31.03.2025 ਤੱਕ ਜਾਰੀ ਕੀਤਾ ਜਾਂਦਾ ਹੈ:-

1 ਸਕੂਲ ਕੋਲ ਕਿਸੇ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਯੋਜਨਾ ਹੋਣੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ ਦੌਰਾਨ ਬੱਚਿਆਂ ਨੂੰ ਬਿਲਡਿੰਗ ਵਿੱਚੋਂ ਸੁਰੱਖਿਅਤ ਬਾਹਰ ਕੱਢਣਾ ਅਤੇ ਸਬੰਧਤ ਵਿਭਾਗ ਨਾਲ ਤਾਲਮੇਲ ਕਰਨ ਦੀ ਯੋਜਨਾ ਹੋਣੀ ਚਾਹੀਦੀ ਹੈ। ਸਕੂਲ ਨੂੰ ਇਸ ਯੋਜਨਾ ਦੀ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਉਣ ਲਈ ਨਿਯਮਿਤ ਤੌਰ ਤੇ ਸਮੀਖਿਆ ਅਤੇ ਅੱਪਡੇਟ ਕਰਦੇ ਰਹਿਣਾ ਚਾਹੀਦਾ ਹੈ।

2 ਜੇਕਰ ਸਕੂਲ ਵੱਲੋਂ ਇਸ ਇਮਾਰਤ ਵਿੱਚ ਕੋਈ ਵਾਧਾ, ਤਬਦੀਲੀ, ਵਿਸਤਾਰ ਅਤੇ ਸੋਧ ਦੀ ਲੋੜ ਹੈ ਜਾਂ ਕੀਤੇ ਜਾਣੇ ਹਨ ਤਾਂ ਇਸ ਦਫਤਰ ਦੀ ਤੁਰੰਤ ਜਾਂਚ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਹਿੱਸੇ ਨੂੰ ਮੁਕੰਮਲ ਕਰਕੇ ਉਸ ਦਾ ਸੇਫਟੀ ਸਰਟੀਫਿਕੇਟ ਇਸ ਦਫਤਰ ਪਾਸੋਂ ਫਿਰ ਤੋਂ ਲਿਆ ਜਾਵੇ।

3 ਜੇਕਰ ਬਿਲਡਿੰਗ ਦੀਆਂ ਕੰਧਾਂ, ਨੀਹਾਂ ਅਤੇ ਛੱਤਾਂ ਕੁਦਰਤੀ ਆਫਤ ਜਾਂ ਕਿਸੇ ਹੋਰ ਕਾਰਨ ਕਰਕੇ ਬੈਠ ਜਾਣ ਤਾਂ ਇਸ ਸੂਰਤ ਵਿੱਚ ਸਕੂਲ ਵੱਲੋਂ ਇਸ ਦਫਤਰ ਨੂੰ ਤੁਰੰਤ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਉਣ ਉਪਰੰਤ ਹੀ ਬਿਲਡਿੰਗ ਨੂੰ ਵਰਤੋਂ ਵਿੱਚ ਲਿਆ ਜਾਵੇ।

4 ਸਬੰਧਤ ਵਿਭਾਗ ਤੋਂ ਵੱਖਰੇ ਤੌਰ ਤੇ ਫਾਇਰ ਸੇਫਟੀ ਸਰਟੀਫਿਕੇਟ, ਇਲੈਕਟ੍ਰੀਕਲ ਸੇਫਟੀ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ।

5 ਸਕੂਲ ਬਿਲਡਿੰਗ ਦੀ ਸੇਫਟੀ ਨੂੰ ਮੁੱਖ ਰੱਖਦੇ ਹੋਏ ਬਿਲਡਿੰਗ ਦੀ ਰਿਪੇਅਰ ਕਰਵਾਉਣ ਦੀ ਜ਼ਿੰਮੇਵਾਰੀ ਸਕੂਲ ਪ੍ਰਬੰਧਨ ਦੀ ਹੈ। ਇਸ ਰਿਪੋਰਟ ਦੇ ਬਾਵਜੂਦ ਸਕੂਲ ਪ੍ਰਬੰਧਨ ਸਾਰੇ ਪੱਖਾਂ ਤੋਂ ਬਿਲਡਿੰਗ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ।

6 ਇੰਜੀਨੀਅਰਸ ਗਰੁੱਪ (ਸੰਜੀਵ ਦੁਆ ਸਟਰਕਚਰਲ ਇੰਜੀਨੀਅਰ) ਵੱਲੋਂ ਮਿਤੀ: 05.03.2024 ਨੂੰ ਸਟਰੱਕਚਰ ਸੁਰੱਖਿਆ ਸਰਟੀਫਿਕੇਟ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਸਰਟੀਫਿਕੇਟ ਅਨੁਸਾਰ ਸਕੂਲ ਸੈਸ਼ਨ 2024-25 ਲਈ ਵਰਤੋਂ ਲਈ ਸੁਰੱਖਿਅਤ ਹੈ, ਪਰੰਤੂ ਇਸ ਸਕੂਲ ਦਾ ਨਿਰਮਾਣ ਇਸ ਵਿਭਾਗ ਵੱਲੋਂ ਨਹੀਂ ਕੀਤਾ ਗਿਆ ਹੈ, ਇਸ ਲਈ ਇਸ ਵਿਭਾਗ ਦੁਆਰਾ ਸਕੂਲ ਦੀ ਸਟਰੱਕਚਰ ਦੀ ਸੇਫਟੀ ਖਾਸ ਕਰਕੇ ਭੂਚਾਲ ਦੇ ਦ੍ਰਿਸ਼ਟੀਕੋਣ ਤੋਂ ਯਕੀਨੀ ਨਹੀਂ ਬਣਾਈ ਜਾ ਸਕਦੀ ਹੈ।

7 ਸਕੂਲ ਨੂੰ ਸਟਾਫ ਮੈਂਬਰਾਂ ਨੂੰ ਉਚਿਤ ਸੁਰੱਖਿਆ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ, ਫਸਟ ਏਡ ਅਤੇ ਨਿਕਾਸੀ ਪ੍ਰੋਟੋਕੋਲ ਨੂੰ ਸੰਭਾਲਣ ਦੀਆਂ ਪ੍ਰਕਿਰਿਆਵਾਂ ਵੀ ਸ਼ਾਮਲ ਹਨ।

8 ਸਕੂਲ ਦੇ ਕਵਰਡ ਏਰੀਏ ਦੇ ਹਿਸਾਬ ਨਾਲ ਜੀ.ਆਰ. ਨੰ: 1744611ਮਿਤੀ: 09.04.2024 ਰਾਹੀਂ ਦਸ ਹਜ਼ਾਰ ਰੁਪਏ ( 10,000/-) ਬਿਲਡਿੰਗ ਨਿਰੀਖਣ ਫੀਸ ਵਜੋਂ ਪ੍ਰਾਪਤ ਕੀਤੇ। ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ 08.09.2024 ਤੱਕ ਵੈਲਿਡ ਹੈ ਅਤੇ ਸਕੂਲ ਪ੍ਰਬੰਧਨ ਸਮੇਂ ਸੀਮਾ ਅੰਦਰ ਫਾਇਰ ਸੇਫਟੀ ਸਰਟੀਫਿਕੇਟ ਰੀਨਿਊ ਕਰਵਾਉਣ ਲਈ ਜ਼ਿੰਮੇਵਾਰ ਹੋਵੇਗਾ।

9 ਇਹ ਰਿਪੋਰਟ ਕਾਨੂੰਨੀ ਉਦੇਸ਼ ਲਈ ਵੈਲਿਡ ਨਹੀਂ ਹੈ।

ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ 08.09.2024 ਤੱਕ ਵੈਲਿਡ ਹੈ। ਜੇਕਰ ਸਕੂਲ ਪ੍ਰਬੰਧਨ ਵੱਲੋਂ ਫਾਇਰ ਸੇਫਟੀ ਸਰਟੀਫਿਕੇਟ 31.03.2025 ਤੱਕ ਲਈ ਰੀਨਿਊ ਕਰਵਾ ਲਿਆ ਜਾਂਦਾ ਹੈ ਤਾਂ ਬਿਲਡਿੰਗ ਸੇਫਟੀ ਸਰਟੀਫਿਕੇਟ ( ਬਿਨਾਂ ਦੁਬਾਰਾ ਇੰਸਪੈਕਸ਼ਨ ਫੀਸ ਜਮ੍ਹਾਂ ਕਰਵਾਏ) ਮਿਤੀ: 31.03.2025 ਤੱਕ ਵੈਲਿਡ ਮੰਨਿਆ ਜਾਵੇਗਾ।

ਨੱਥੀ/ ਨਕਸ਼ਾ

24/4/24
ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭਤੇਮ ਸ਼ਾਖਾ,
ਬਠਿੰਡਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਭਤੇਮ ਸ਼ਾਖਾ ਰਾਮਪੁਰਾਫੂਲ ਨੂੰ ਉਨ੍ਹਾਂ ਦੇ ਪੱਤਰ ਨੰ: 37 ਮਿਤੀ: 15.04.2024 ਦੇ ਸਬੰਧ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੀ ਸਿਫਾਰਿਸ਼ ਨੂੰ ਮੁੱਖ ਰੱਖਦੇ ਹੋਏ ਉਕਤ ਸਕੂਲ ਨੂੰ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭਤੇਮ ਸ਼ਾਖਾ,
ਬਠਿੰਡਾ।